**ਟੈਲੀਫੋਨ:**
**(ਕਿਸੇ ਏਰੀਆ ਕੋਡ ਦੀ ਲੋੜ ਨਹੀਂ)**
**310-2222**
**ਜਾਂ**
**1-888-470-2222**

**ਯੌਰਕ ਰੀਜਨ ਦੇ ਸਥਾਨ:**
Newmarket Health Centre (ਨਿਊਮਾਰਕਿਟ ਹੈਲਥ ਸੈਂਟਰ)
194 Eagle Street
Newmarket, Ontario
L3Y 1J6

Maple Health Centre (ਮੇਪਲ ਹੈਲਥ ਸੈਂਟਰ)
10424 Keele Street
Maple, Ontario
L6A 2L1

york.ca/LongTermCare

FEBRUARY 2023
23-4089

ਯੌਰਕ ਰੀਜਨ ਦੇ ਲੌਂਗ-ਟਰਮ ਕੇਅਰ ਹੋਮਾਂ ਵਿੱਚ

# ਮੁੜ ਕੇ ਠੀਕ ਹੋਣ ਲਈ ਦੇਖਭਾਲ



york.ca/LongTermCare

York Region

# ਮੁੜ ਕੇ ਠੀਕ ਹੋਣ ਲਈ ਦੇਖਭਾਲ (Convalescent care)

ਕਿਸੇ ਦੁਰਘਟਨਾ ਜਾਂ ਬਿਮਾਰੀ ਤੋਂ ਬਾਅਦ, ਤੁਸੀਂ ਹਸਪਤਾਲ ਛੱਡਣ ਲਈ ਤਿਆਰ ਹੋ ਸਕਦੇ ਹੋ ਪਰ ਅਜੇ ਤੱਕ ਸੁਰੱਖਿਅਤ ਢੰਗ ਨਾਲ ਘਰ ਵਾਪਸ ਨਹੀਂ ਜਾ ਸਕਦੇ ਹੋ।

ਮੁੜ ਕੇ ਠੀਕ ਹੋਣ ਲਈ ਦੇਖਭਾਲ ਇੱਕ ਛੋਟੀ ਮਿਆਦ ਦੀ ਸੇਵਾ ਹੈ ਜੋ ਤੁਹਾਨੂੰ ਘਰ ਵਾਪਸ ਜਾਣ ਤੋਂ ਪਹਿਲਾਂ ਠੀਕ ਹੋਣ ਅਤੇ ਆਪਣੇ ਗਤੀਵਿਧੀ ਦੇ ਆਮ ਪੱਧਰ ਨੂੰ ਮੁੜ ਕੇ ਸ਼ੁਰੂ ਕਰਨ ਲਈ ਲੋੜੀਂਦਾ ਸਮਾਂ ਪ੍ਰਦਾਨ ਕਰਦੀ ਹੈ। ਲੌਂਗ-ਟਰਮ ਕੇਅਰ ਹੋਮਾਂ ਦੇ ਨਿਵਾਸੀਆਂ ਲਈ ਉਪਲਬਧ ਸਾਰੀਆਂ ਸੇਵਾਵਾਂ ਕਨਵੈਲੇਸੈਂਟ ਕੇਅਰ ਬੈੱਡਾਂ ਵਿੱਚ ਰਹਿਣ ਵਾਲੇ ਕਲਾਇੰਟਾਂ ਲਈ ਉਪਲਬਧ ਹਨ।

## ਲਾਗਤ

ਦੇਖਭਾਲ ਅਤੇ ਰਿਹਾਇਸ਼ ਬਿਨਾਂ ਕਿਸੇ ਲਾਗਤ ਦੇ ਪ੍ਰਦਾਨ ਕੀਤੀ ਜਾਂਦੀ ਹੈ। ਟੈਲੀਫੋਨ ਅਤੇ ਇੰਟਰਨੈੱਟ ਸੇਵਾਵਾਂ ਲਈ ਅਤਿਰਿਕਤ ਫੀਸਾਂ ਦੀ ਲੋੜ ਹੈ।

## ਯੋਗਤਾ

ਕਿਸੇ ਦੁਰਘਟਨਾ ਜਾਂ ਬਿਮਾਰੀ ਤੋਂ ਠੀਕ ਹੋਣ ਦੇ ਦੌਰਾਨ ਯੌਰਕ ਖੇਤਰ ਦੇ ਵਸਨੀਕਾਂ ਲਈ ਮੁੜ ਕੇ ਠੀਕ ਹੋਣ ਲਈ ਦੇਖਭਾਲ ਉਪਲਬਧ ਹੈ। ਵਸਨੀਕ ਸਾਡੇ ਲੌਂਗ-ਟਰਮ ਕੇਅਰ ਹੋਮਾਂ ਵਿੱਚੋਂ ਇੱਕ ਵਿੱਚ 90 ਦਿਨਾਂ ਤੱਕ ਮੁੜ ਕੇ ਠੀਕ ਹੋਣ ਲਈ ਦੇਖਭਾਲ ਪ੍ਰਾਪਤ ਕਰਨ ਦੇ ਯੋਗ ਹਨ।

## ਅਪਲਾਈ ਕਿਵੇਂ ਕਰਨਾ ਹੈ

ਇਹ ਦੇਖਣ ਲਈ ਕਿ ਕੀ ਤੁਸੀਂ ਕਨਵੈਲੇਸੈਂਟ ਕੇਅਰ ਬੈੱਡ ਲਈ ਯੋਗ ਹੋ, ਕਿਰਪਾ ਕਰਕੇ ਹੋਮ ਅਤੇ ਕਮਿਊਨਿਟੀ ਕੇਅਰ ਸਪੋਰਟ ਸਰਵਿਸਿਜ਼ ਨਾਲ ਸੰਪਰਕ ਕਰੋ (1-888-470-2222 ਜਾਂ 310-2222 – ਕਿਸੇ ਏਰੀਆ ਕੋਡ ਦੀ ਲੋੜ ਨਹੀਂ) ਤੁਹਾਡਾ ਕੇਅਰ ਕੋਆਰਡੀਨੇਟਰ ਤੁਹਾਡੀਆਂ ਲੋੜਾਂ ਦਾ ਮੁਲਾਂਕਣ ਕਰੇਗਾ ਅਤੇ ਇਹ ਨਿਰਧਾਰਿਤ ਕਰੇਗਾ ਕਿ ਕੀ ਮੁੜ ਕੇ ਠੀਕ ਹੋਣ ਲਈ ਦੇਖਭਾਲ ਤੁਹਾਡੇ ਲਈ ਸਹੀ ਹੈ। ਜੇਕਰ ਤੁਸੀਂ ਯੋਗ ਨਹੀਂ ਹੋ, ਤਾਂ ਤੁਹਾਡਾ ਕੇਅਰ ਕੋਆਰਡੀਨੇਟਰ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਕਮਿਊਨਿਟੀ ਵਿੱਚ ਹੋਰ ਸੇਵਾਵਾਂ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ।